[This question paper contains 2 printed pages.]

**Your Roll No...............**

**Sr. No. of Question Paper : 4841** **J**

Unique Paper Code : 2125001003

Name of the Paper : Punjabi Lok Sahit

Name of the Course : **GE**

Semester : IV

Duration : 3 Hours Maximum Marks : 90

**Instructions for Candidates**

1. Write your Roll No. on the top immediately on receipt of this question paper.

ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।

ਭਾਗ ਪਹਿਲਾ

1. ਲੋਕ ਸਾਹਿਤ ਦੀ ਪਰਿਭਾਸ਼ਾ ਕਰਦੇ ਹੋਏ ਲੋਕ-ਸਾਹਿਤ ਦੀ ਪ੍ਰਕਿਰਤੀ 'ਤੇ ਨਿੱਠ ਕੇ ਚਰਚਾ ਕਰੋ। 15

**ਜਾਂ**

ਲੋਕ ਸਾਹਿਤ ਨੂੰ ਪਰਿਭਾਸ਼ਤ ਕਰਦਿਆਂ ਇਸ ਦੀਆਂ ਵੰਗੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

ਭਾਗ ਦੂਜਾ

2. ਲੋਕ ਕਾਵਿ ਤੋਂ ਕੀ ਭਾਵ ਹੈ? ਪੰਜਾਬੀ ਦੇ ਲੋਕ-ਕਾਵਿ ਰੂਪ 'ਕੀਰਨੇ' **ਜਾਂ** 'ਅਲਾਹੁਣੀਆਂ' ਵਿੱਚੋਂ ਕਿਸੇ ਇਕ ਬਾਰੇ ਉਦਾਹਰਨਾਂ ਸਹਿਤ ਲਿਖੋ। 15

3. ਲੋਕ ਕਾਵਿ ਰੂਪ ਸੁਹਾਗ ਅਤੇ ਘੋੜੀਆਂ ਵਿਚ ਕੀ ਅੰਤਰ ਹੈ? 10

**ਜਾਂ**

ਸੁਹਾਗ ਬਾਰੇ ਉਦਾਹਰਨਾਂ ਸਹਿਤ ਵਿਸਤ੍ਰਿਤ ਚਰਚਾ ਕਰੋ।

ਭਾਗ ਤੀਜਾ

4. ਨੀਤੀ ਕਥਾ ਨੂੰ ਪਰਿਭਾਸ਼ਤ ਕਰਦਿਆਂ, 'ਮੁੱਲਾ ਤੇ ਸ਼ਿਕਾਰੀ' ਅਤੇ 'ਚੰਦਰੀ ਸੰਗਤ' **ਕਿਸੇ ਇਕ** ਦਾ ਅਧਿਐਨ ਕਰੋ। 15

**ਜਾਂ**

ਜਨੌਰ ਕਥਾ ਦੀ ਪਰਿਭਾਸ਼ਾ ਦਿੰਦਿਆਂ, 'ਲੂਣ ਦਾ ਘਰ' ਅਤੇ 'ਟਾਹਲੀ ਮੇਰੇ ਬੱਚੇ' ਵਿੱਚੋਂ **ਕਿਸੇ ਇਕ** ਜਨੌਰ ਕਥਾ ਦਾ ਅਧਿਐਨ ਕਰੋ।

5. 'ਪੂਰਨ ਭਗਤ' ਦੰਤ ਕਥਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 10

**ਜਾਂ**

'ਇਕ ਖਾਵਾਂ ਕਿ ਦੋ ਖਾਵਾਂ' ਪਰੀ ਕਥਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

## ਭਾਗ ਚੌਥਾ

6. ਅਖਾਣ ਕੀ ਹੁੰਦੇ ਹਨ? ਹੇਠ ਲਿਖੇ **ਕੋਈ ਛੇ** ਅਖਾਣਾਂ ਦੇ ਅਰਥ ਦੱਸੋ ਅਤੇ ਉਨ੍ਹਾਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ: 15

ਉੱਚੀ ਦੁਕਾਨ ਤੇ ਫਿੱਕਾ ਪਕਵਾਨ; ਅੱਗੇ ਖੂਹ ਤੇ ਪਿੱਛੇ ਖਾਈ; ਆਟੇ ਵਿਚ ਲੂਣ; ਇਕ ਹੱਥ ਨਾਲ ਤਾੜੀ ਨਹੀਂ ਵਜਦੀ; ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ; ਸੌ ਦਿਨ ਚੋਰ ਦਾ, ਇਕ ਦਿਨ ਸਾਧ ਦਾ; ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ; ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ; ਮਨ ਜੀਤੇ ਜਗ ਜੀਤ; ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ

7. ਪੰਜਾਬੀ ਲੋਕ ਸਿਆਣਪਾਂ ਵਿਚ ਕਥਨ ਦੀ ਕੀ ਮਹੱਤਤਾ ਹੈ? ਉਦਾਹਰਣ ਸਹਿਤ ਚਰਚਾ ਕਰੋ। 10

**ਜਾਂ**

ਹੇਠ ਲਿਖੀਆਂ ਬੁਝਾਰਤਾਂ ਦੇ ਉੱਤਰ ਲਿਖੋ:

i. ਤੂੰ ਚੱਲ ਮੈਂ ਆਇਆ

ii. ਨਿੱਕੀ ਜਿਹੀ ਕੁੜੀ ਲੈ ਪਰਾਂਦਾ ਤੁਰੀ

iii. ਚਿੱਟੀ ਹੱਡੀ, ਧਰਤੀ 'ਚ ਗੱਡੀ

iv. ਵਿੰਗੀ ਟੇਡੀ ਲਕੜੀ, ਓਹਦੇ ਪੋਰੀ ਪੋਰੀ ਰਸ

v. ਆਈ ਸੀ ਪਰ ਦੇਖੀ ਨਹੀਂ

vi. ਇਕ ਰਾਜੇ ਦੀ ਅਨੋਖੀ ਰਾਣੀ, ਦੁੱਮ ਦੇ ਰਸਤੇ ਪੀਂਦੀ ਪਾਣੀ

vii. ਮਾਂ ਜੰਮੀ ਨਹੀਂ ਪੁੱਤ ਕੋਠੇ ਤੇ

viii. ਤੁਰਦਾ ਲੱਕ ਮਰੋੜ ਕੇ ਘਰੋਂ ਕੱਢੀਂਦਾ ਹੱਥ ਜੋੜ ਕੇ

ix. ਤਿੰਨ ਪੈਰ ਦੀ ਤਿਤਲੀ, ਨਹਾ ਧੋ ਕੇ ਨਿਕਲੀ

x. ਨਵਾਂ ਖ਼ਜ਼ਾਨਾ ਘਰ ਵਿਚ ਆਇਆ, ਡੱਬੇ ਵਿਚ ਸੰਸਾਰ ਸਮਾਇਆ